# ਮਾਤਰਾਵਾਂ ਦੀ ਦੁਹਰਾਈ

## (ਾ) ਕੰਨਾ

| | | | | | |
|---|---|---|---|---|---|
| ਕਾਰ | ਤਾਰ | ਜਾਲ਼ | ਦਾਲ਼ | ਸਾਗ | ਰਾਤ |
| ਕਾਕਾ | ਦਾਦਾ | ਪਾਪਾ | ਚਾਚਾ | ਮਾਤਾ | ਬਾਬਾ |
| ਗਾਜਰ | ਪਾਲਕ | ਚਾਦਰ | ਸਾਗਰ | ਆਦਤ | ਚਾਨਣ |
| ਯਾਤਰਾ | ਚਾਦਰਾ | ਪਟਾਕਾ | ਬਦਾਨਾ | ਪਜਾਮਾ | ਤਮਾਸ਼ਾ |



ਆ ਕਾਕਾ ਆ।

ਪਾਠ ਯਾਦ ਕਰ।

ਲਾਲ ਦਸਤਾਰ ਸਜਾ।

ਫਾਟਕ ਪਾਰ ਕਰ।

ਕਾਕਾ ਬਜ਼ਾਰ ਜਾ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਜਲ | – | ਜਾਲ਼ | ਤਰ | – | ਤਾਰ |
| ਸਰ | – | ਸਾਰ | ਹਾਰ | – | ਹਰਾ |
| ਨਰ | – | ਨਾਰ | ਫ਼ਰਕ | – | ਫ਼ਰਾਕ |
| ਦਸ | – | ਦਾਸ | ਚਾਦਰ | – | ਚਾਦਰਾ |

**2. ਕੰਨਾ ਮਾਤਰਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅੱਖਰਾਂ ਨਾਲ਼ ਕੋਈ ਅੱਠ ਸ਼ਬਦ ਬਣਾਓ:**

| | | | | | | |
|---|---|---|---|---|---|---|
| ਾ | ਸ | ਹ | ਕ | ਲ | ਰ | ਜ |
| | ਦ | ਗ | ਪ | ਮ | ਭ | ਬ |

ਉਦਾਹਰਨ: ਸਾਲ, ਕਮਾਲ ਆਦਿ

ਅਧਿਆਪਕ ਲਈ : ਇਸ ਤਰ੍ਹਾਂ ਹੋਰ ਅੱਖਰ ਦੇ ਕੇ ਵਿਦਿਆਰਥੀਆਂ ਨੂੰ ਅਭਿਆਸ ਕਰਵਾਓ।

**3. ਕੰਨਾ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**



## ਪੜ੍ਹੋ

ਦਸਤਾਰ ਰਫ਼ਤਾਰ ਟਮਾਟਰ
ਦਸਤਾਨਾ ਕਲਾਕਾਰ

# ( ਿ ) ਸਿਹਾਰੀ

| | | | | | |
|---|---|---|---|---|---|
| ਸਿਰ | ਦਿਨ | ਦਿਲ | ਤਿਲ਼ | ਗਿਣ | ਮਿਣ |
| ਪਿਤਾ | ਸਿਰਾ | ਦਿਸ਼ਾ | ਖਿਮਾ | ਕਿਹਾ | ਰਿਹਾ |
| ਮਿਰਚ | ਕਿਰਤ | ਗਣਿਤ | ਨਹਿਰ | ਸ਼ਹਿਰ | ਮਹਿਲ |
| ਕਿਸਾਨ | ਨਿਸ਼ਾਨ | ਗਿਆਨ | ਪਿਆਰ | ਪਿਆਜ਼ | ਸਿਤਾਰ |



ਬਿਕਰਮ ਇੱਧਰ ਆ।

ਇਸ਼ਨਾਨ ਕਰ।

ਕਿਤਾਬ ਲਿਆ।

ਇਹ ਪਾਠ ਲਿਖ।

ਕਵਿਤਾ ਯਾਦ ਕਰ।

ਸਭ ਦਾ ਸਤਿਕਾਰ ਕਰ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਸਰ | – | ਸਿਰ | ਗਾਣ | – | ਗਿਣ |
| ਚਰ | – | ਚਿਰ | ਦਾਨ | – | ਦਿਨ |
| ਦਸ਼ਾ | – | ਦਿਸ਼ਾ | ਕਰਨ | – | ਕਿਰਨ |
| ਪਤਾ | – | ਪਿਤਾ | ਕਸਮ | – | ਕਿਸਮ |

**2. ਸਿਹਾਰੀ ਮਾਤਰਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅੱਖਰਾਂ ਨਾਲ਼ ਕੋਈ ਅੱਠ ਸ਼ਬਦ ਬਣਾਓ।**

| | | | | | | |
|---|---|---|---|---|---|---|
| ਿ | ਸ | ਹ | ਕ | ਲ | ਰ | ਫ |
| | ਦ | ਗ | ਪ | ਮ | ਸ਼ | ਨ |

ਉਦਾਹਰਨ: ਸਿਰ, ਨਹਿਰ ਆਦਿ

ਅਧਿਆਪਕ ਲਈ : ਇਸ ਤਰ੍ਹਾਂ ਹੋਰ ਅੱਖਰ ਦੇ ਕੇ ਬੱਚਿਆਂ ਨੂੰ ਅਭਿਆਸ ਕਰਵਾਓ।

**3. ਸਿਹਾਰੀ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**



## ਪੜ੍ਹੋ

ਬਿਸਤਰਾ ਪਰਿਵਾਰ ਕਿਰਪਾਨ
ਇਸ਼ਨਾਨ ਮਹਿਮਾਨ

## ( ੀ ) ਬਿਹਾਰੀ

| | | | | | |
|---|---|---|---|---|---|
| ਤੀਰ | ਖੀਰ | ਘੜੀ | ਹਰੀ | ਦਰੀ | ਚੀਕ |
| ਵੀਰਾ | ਨੀਲਾ | ਗੀਤਾ | ਦੀਦੀ | ਕੀੜੀ | ਸੀਟੀ |
| ਬਰਫ਼ੀ | ਗਰਮੀ | ਧਰਤੀ | ਕਮੀਜ਼ | ਪਪੀਤਾ | ਬਗ਼ੀਚਾ |
| ਗ਼ਰੀਬੀ | ਫ਼ਕੀਰੀ | ਪਤੀਲੀ | ਪੀਪਣੀ | ਜੀਵਨੀ | ਕੀਮਤੀ |



ਰੱਖੜੀ ਦਾ ਦਿਨ ਸੀ।

ਮਨਮੀਤ ਬਜ਼ਾਰ ਗਈ।

ਵੀਰ ਲਈ ਰੱਖੜੀ ਲਿਆਈ।

ਮਨਮੀਤ ਵੀਰ ਲਈ ਬਰਫ਼ੀ ਵੀ ਲਿਆਈ।

ਵੀਰ ਬਰਫ਼ੀ ਖਾ, ਰੱਖੜੀ ਸਜਾ।

ਮਨਮੀਤ ਰੱਖੜੀ ਵਾਲ਼ਾ ਗੀਤ ਗਾ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਚਰ | – | ਚੀਰ | ਨਕਲ | – | ਨਕਲੀ |
| ਵਰ | – | ਵੀਰ | ਬਰਫ਼ | – | ਬਰਫ਼ੀ |
| ਦਿਨ | – | ਦੀਨ | ਗਰਮ | – | ਗਰਮੀ |
| ਖਰਾ | – | ਖੀਰਾ | ਪਤਲਾ | – | ਪਤੀਲਾ |

**2. ਬਿਹਾਰੀ ਮਾਤਰਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅੱਖਰਾਂ ਨਾਲ਼ ਕੋਈ ਅੱਠ ਸ਼ਬਦ ਬਣਾਓ।**

| | | | | | | |
|---|---|---|---|---|---|---|
| ੀ | ਸ | ਹ | ਕ | ਲ | ਰ | ਚ |
| | ਦ | ਗ | ਪ | ਮ | ਸ਼ | ਨ |

ਉਦਾਹਰਨ: ਤੀਰ, ਗਰਮੀ ਆਦਿ

ਅਧਿਆਪਕ ਲਈ: ਇਸ ਤਰ੍ਹਾਂ ਹੋਰ ਅੱਖਰ ਦੇ ਕੇ ਬੱਚਿਆਂ ਨੂੰ ਅਭਿਆਸ ਕਰਵਾਓ।

**3. ਬਿਹਾਰੀ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ:**



**ਪੜ੍ਹੋ**

ਪਟਵਾਰੀ ਹਲਵਾਈ ਸਾਈਕਲ ਵੀਰਵਾਰ ਹਰਿਆਲੀ

# ( ੁ ) ਔਂਕੜ

| | | | | | |
|---|---|---|---|---|---|
| ਤੁਰ | ਸੁਣ | ਗੁੜ | ਪੁਲ਼ | ਖ਼ੁਸ਼ | ਹੁਣ |
| ਬੁਰਾ | ਛੁਰਾ | ਕੁੜੀ | ਪੁੜੀ | ਕੁਲੀ | ਪੁਲ਼ੀ |
| ਦੁਕਾਨ | ਮੁਰਗ਼ਾ | ਖੁਰਪਾ | ਫੁਲਕਾ | ਸੁਰਮਾ | ਕੁੜਤਾ |
| ਜੁਰਾਬ | ਗੁਲਾਬ | ਖ਼ੁਰਾਕ | ਕੁਰਸੀ | ਫੁਹਾਰਾ | ਛੁਹਾਰਾ |



ਸੁਮਨ ਬਾਗ਼ ਵਿੱਚ ਗਈ।

ਰੁਕ-ਰੁਕ ਹਵਾ ਚੱਲ ਰਹੀ ਸੀ।

ਬਾਗ਼ ਵਿੱਚ ਫੁੱਲ ਹੀ ਫੁੱਲ ਸਨ।

ਇੱਕ ਕਿਆਰੀ ਵਿੱਚ ਗੁਲਾਬੀ ਗੁਲਾਬ ਸਨ।

ਸੁਮਨ ਫੁੱਲਾਂ ਨੂੰ ਪਾਣੀ ਲਾਉਣ ਲੱਗੀ।

ਪਾਣੀ ਲਾਉਂਦੀ-ਲਾਉਂਦੀ ਉਹ ਗੀਤ ਗਾਉਣ ਲੱਗੀ।

# ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਤਰ | - | ਤੁਰ | ਕੜੀ | - | ਕੁੜੀ |
| ਸਣ | - | ਸੁਣ | ਖ਼ਰਚ | - | ਖ਼ੁਰਚ |
| ਬਣ | - | ਬੁਣ | ਹਾਕਮ | - | ਹੁਕਮ |
| ਭਰ | - | ਭੁਰ | ਤਰਨਾ | - | ਤੁਰਨਾ |

**2. ਔਂਕੜ ਮਾਤਰਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅੱਖਰਾਂ ਨਾਲ਼ ਕੋਈ ਅੱਠ ਸ਼ਬਦ ਬਣਾਓ।**

| | | | | | | |
|---|---|---|---|---|---|---|
| ੁ | ਸ | ਹ | ਕ | ਲ | ਰ | ੜ |
| | ਦ | ਣ | ਪ | ਮ | ਗ | ਬ |

ਉਦਾਹਰਨ: ਮੁੜ, ਗੁੜ ਆਦਿ

ਅਧਿਆਪਕ ਲਈ: ਇਸ ਤਰ੍ਹਾਂ ਹੋਰ ਅੱਖਰ ਦੇ ਕੇ ਬੱਚਿਆਂ ਨੂੰ ਅਭਿਆਸ ਕਰਵਾਓ।

**3. ਪਾਠ ਵਿੱਚ ਆਏ ਔਂਕੜ ਮਾਤਰਾ ਵਾਲ਼ੇ ਸ਼ਬਦ ਲਿਖੋ :**



## ਪੜ੍ਹੋ

ਪੁਸਤਕ ਬੁਝਾਰਤ ਬੁਲਬੁਲ
ਫੁਲਕਾਰੀ ਕੁਦਰਤ

# ( ੂ ) ਦੁਲੈਂਕੜ

| | | | | | |
|---|---|---|---|---|---|
| ਸੂਟ | ਬੂਟ | ਦੂਰ | ਰੂਪ | ਚੂਰੀ | ਮੂਲ਼ੀ |
| ਦੂਜੀ | ਤੂੜੀ | ਚੂਹੀ | ਆਲੂ | ਭਾਲੂ | ਚਾਕੂ |
| ਸੂਰਜ | ਪੂਰਬ | ਚੂਰਨ | ਸੂਰਤ | ਖਜੂਰ | ਸਕੂਲ |
| ਡਮਰੂ | ਊਰਜਾ | ਸੂਰਮਾ | ਕਤੂਰਾ | ਜ਼ਰੂਰੀ | ਕੂਹਣੀ |



ਸਰੂਪ ਬੂਟ ਪਾ।

ਪੂਰਨ ਨਾਲ਼ ਬਜ਼ਾਰ ਜਾ।

ਤਰਬੂਜ਼, ਖ਼ਰਬੂਜ਼ਾ ਲਿਆ।

ਚਾਕੂ ਨਾਲ਼, ਤਰਬੂਜ਼ ਚੀਰ।

ਖ਼ਰਬੂਜ਼ਾ ਵੀ ਚੀਰ।

ਤਰਬੂਜ਼ ਖਾ, ਖ਼ਰਬੂਜ਼ਾ ਖਾ।

## ਅਭਿਆਸ



1. **ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਚਾਕ | – | ਚਾਕੂ | ਘਰ | – | ਘੂਰ |
| ਝਾੜ | – | ਝਾੜੂ | ਨਰ | – | ਨੂਰ |
| ਦਰੀ | – | ਦੂਰੀ | ਸੁਰ | – | ਸੂਰ |
| ਭਰਾ | – | ਭੂਰਾ | ਸੁਰਮਾ | – | ਸੂਰਮਾ |

2. **ਦੁਲੈਂਕੜ ਮਾਤਰਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅੱਖਰਾਂ ਨਾਲ਼ ਕੋਈ ਅੱਠ ਸ਼ਬਦ ਬਣਾਓ।**

| | | | | | | |
|---|---|---|---|---|---|---|
| ੂ | ਬ | ਚ | ਕ | ਪ | ਲ | ਜ |
| | ਖ | ਰ | ਸ | ਮ | ਬ | ਟ |

ਉਦਾਹਰਨ: ਚਾਕੂ, ਬਾਪੂ ਆਦਿ

ਅਧਿਆਪਕ ਲਈ: ਇਸ ਤਰ੍ਹਾਂ ਹੋਰ ਅੱਖਰ ਦੇ ਕੇ ਬੱਚਿਆਂ ਨੂੰ ਅਭਿਆਸ ਕਰਵਾਓ।

3. **ਦੁਲੈਂਕੜ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ:**



**ਪੜ੍ਹੋ**

ਕਬੂਤਰ ਸਕੂਟਰ ਅਮਰੂਦ
ਜਾਦੂਗਰ ਖ਼ੂਨਦਾਨ

# ( ੇ ) ਲਾਂ

| | | | | | |
|---|---|---|---|---|---|
| ਬੇਰ | ਮੇਜ਼ | ਸੇਬ | ਮੇਲਾ | ਸੇਵਾ | ਬੇਰੀ |
| ਢੇਰੀ | ਰੇਤੀ | ਖੇਤੀ | ਕੇਲੇ | ਪੇੜੇ | ਦੀਵੇ |
| ਵੇਲਣਾ | ਦੇਵਤਾ | ਸਲੇਟ | ਕਰੇਲਾ | ਹਨੇਰਾ | ਜਲੇਬੀ |
| ਵਛੇਰਾ | ਸਵੇਰਾ | ਬਨੇਰਾ | ਪਰਦੇ | ਹਵੇਲੀ | ਸਹੇਲੀ |



ਮੇਲੇ ਦਾ ਦਿਨ ਸੀ।
ਹਰਨੇਕ ਮੇਰੇ ਨਾਲ਼ ਮੇਲਾ ਦੇਖਣ ਗਿਆ।
ਉਸ ਨੇ ਸੇਬ ਅਤੇ ਕੇਲੇ ਖ਼ਰੀਦੇ।
ਉਸ ਨੇ ਜਲੇਬੀਆਂ ਤੇ ਪੇੜੇ ਵੀ ਖ਼ਰੀਦੇ।
ਫਿਰ ਝੂਲੇ 'ਤੇ ਝੂਟੇ ਲਏ।
ਨੇੜੇ ਹੀ ਮਦਾਰੀ ਤਮਾਸ਼ਾ ਦਿਖਾ ਰਿਹਾ ਸੀ।
ਤਮਾਸ਼ਾ ਦੇਖ ਕੇ
ਹਰਨੇਕ ਮੇਰੇ ਨਾਲ਼ ਘਰ ਮੁੜ ਆਇਆ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਦਰ | – | ਦੇਰ | ਤਾਰ | – | ਤਾਰੇ |
| ਰਲ਼ | – | ਰੇਲ | ਕਲਾ | – | ਕੇਲਾ |
| ਦਸ | – | ਦੇਸ | ਨਕਲ | – | ਨਕੇਲ |
| ਮਜ਼ਾ | – | ਮੇਜ਼ | ਵਤਨ | – | ਵੇਤਨ |

**2. ਤਸਵੀਰ ਦੇਖ ਕੇ ਸ਼ਬਦ ਲਿਖੋ :**






**3. ਲਾਂ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**




## ਪੜ੍ਹੋ

ਥਾਣੇਦਾਰ ਠੇਕੇਦਾਰ ਸੂਬੇਦਾਰ
ਸੇਵਾਦਾਰ ਪੇਚਕਸ

# ( ੈ ) ਦੁਲਾਵਾਂ

| | | | | | |
|---|---|---|---|---|---|
| ਪੈਰ | ਮੈਚ | ਭੈਣ | ਵੈਦ | ਵੈਰ | ਪੈਸਾ |
| ਥੈਲਾ | ਮੈਦਾ | ਕੈਦੀ | ਵੈਰੀ | ਮੈਲ਼ੀ | ਪੈਲ਼ੀ |
| ਪੈਦਲ | ਐਨਕ | ਮੈਡਮ | ਬੈਠਕ | ਪੈਕਟ | ਮੈਦਾਨ |
| ਹੈਰਾਨ | ਜ਼ੈਬਰਾ | ਕੈਮਰਾ | ਸੈਨਿਕ | ਸਫ਼ੈਦਾ | ਬੈਟਰੀ |



ਐਤਵਾਰ ਦਾ ਦਿਨ ਸੀ।

ਕਰਨੈਲ ਅਪਣੇ ਚਾਚੇ ਨਾਲ਼ ਪੈਲ਼ੀ ਵੇਖਣ ਗਿਆ।

ਕਰਨੈਲ ਦਾ ਭਰਾ ਜਰਨੈਲ ਹਲ਼ ਵਾਹ ਰਿਹਾ ਸੀ।

ਪੈਲ਼ੀ ਦੇ ਚਾਰੇ ਪਾਸੇ ਸਫ਼ੈਦੇ ਸਨ।

ਨੇੜੇ ਹੀ ਟਿਊਬਵੈੱਲ ਚੱਲ ਰਿਹਾ ਸੀ।

ਟਿਊਬਵੈੱਲ ਦੇ ਚਬੱਚੇ ਵਿੱਚ ਬੱਚੇ ਤਰ ਰਹੇ ਸਨ।



## ਅਭਿਆਸ

### 1. ਪੜ੍ਹੋ ਅਤੇ ਸਮਝੋ :

| | | | | | |
|---|---|---|---|---|---|
| ਪਰ | – | ਪੈਰ | ਕਦੀ | – | ਕੈਦੀ |
| ਸਰ | – | ਸੈਰ | ਮਦਨ | – | ਮੈਦਾਨ |
| ਵਰ | – | ਵੈਰ | ਕਮਰਾ | – | ਕੈਮਰਾ |
| ਮਲ਼ | – | ਮੈਲ਼ | ਫ਼ਸਲ | – | ਫ਼ੈਸਲਾ |

### 2. ਤਸਵੀਰ ਦੇਖ ਕੇ ਸ਼ਬਦ ਲਿਖੋ :






### 3. ਦੁਲਾਵਾਂ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :



## ਪੜ੍ਹੋ

ਐਤਵਾਰ ਲਾਲਟੈਣ ਨਿਰਵੈਰ
ਸੁਖਚੈਨ ਫ਼ਰਨੈਲ

# ( ੋ ) ਹੋੜਾ

| | | | | | |
|---|---|---|---|---|---|
| ਮੋਰ | ਢੋਲ | ਨੋਟ | ਤੋਤਾ | ਘੋੜਾ | ਮੋਟਾ |
| ਰੋਟੀ | ਸੋਟੀ | ਤੋਰੀ | ਚੋਰੀ | ਬੋਰੀ | ਕੋਟੀ |
| ਬੋਤਲ | ਦੋਸਤ | ਭੋਜਨ | ਬੋਹੜ | ਸਟੋਰ | ਸਮੋਸਾ |
| ਸੋਹਣਾ | ਟੋਕਰੀ | ਮੋਰਨੀ | ਲੋਹੜੀ | ਕੋਇਲ | ਰਸੋਈ |



ਮੋਹਨ ਤੇ ਸੋਹਨ ਚਿੜੀਆ-ਘਰ ਦੇਖਣ ਗਏ।

ਚਿੜੀਆ-ਘਰ ਵਿੱਚ ਹਰਨ ਤੇ ਖ਼ਰਗੋਸ਼ ਸਨ।

ਉੱਥੇ ਘੋੜੇ, ਹਾਥੀ ਅਤੇ ਸ਼ੇਰ ਵੀ ਸਨ।

ਤੋਤੇ ਅਤੇ ਚਕੋਰ ਵੀ ਸਨ।

ਇੱਕ ਪਾਸੇ ਮੋਰ ਪੈਲ ਪਾ ਰਿਹਾ ਸੀ।

ਰੁੱਖ ਉੱਤੇ ਕੋਇਲ ਕੂ-ਕੂ ਕਰ ਰਹੀ ਸੀ।

ਦਰਿਆਈ ਘੋੜਾ ਪਾਣੀ ਵਿੱਚ ਬੈਠਾ ਸੀ।

ਮੋਹਨ ਤੇ ਸੋਹਨ ਚਿੜੀਆ-ਘਰ ਦੇਖ ਕੇ ਬਹੁਤ ਖ਼ੁਸ਼ ਹੋਏ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਤਲ | – | ਤੋਲ | ਮਟਰ | – | ਮੋਟਰ |
| ਡਰ | – | ਡੋਰ | ਭਜਨ | – | ਭੋਜਨ |
| ਘੜਾ | – | ਘੋੜਾ | ਕਮਲ | – | ਕੋਮਲ |
| ਪਤਾ | – | ਪੋਤਾ | ਦਸਤ | – | ਦੋਸਤ |

**2. ਹੋੜਾ ਮਾਤਰਾ ਲਾਓ ਅਤੇ ਸ਼ਬਦ ਬਣਾਓ :**

ਨਟ    ਬਰੀ    ਢਲ    ਘੜਾ    ਮਰ

**3. ਹੋੜਾ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**



**ਪੜ੍ਹੋ**

ਅਖਰੋਟ    ਸਰੋਵਰ    ਸੋਮਵਾਰ

ਮਨੋਹਰ    ਖ਼ਰਗੋਸ਼

# ( ੌ ) ਕਨੌੜਾ

| | | | | | |
|---|---|---|---|---|---|
| ਦੌੜ | ਫ਼ੌਜ | ਚੌਲ਼ | ਪੌਦਾ | ਔਖਾ | ਚੌੜਾ |
| ਕੌਲੀ | ਫ਼ੌਜੀ | ਟੌਫ਼ੀ | ਕੌਫ਼ੀ | ਪੌੜੀ | ਚੌੜੀ |
| ਨੌਕਰ | ਔਰਤ | ਮੌਸਮ | ਚੌਧਰੀ | ਨੌਕਰੀ | ਜੌਹਰੀ |
| ਤੌਲੀਆ | ਹਥੌੜੀ | ਕਚੌਰੀ | ਪਕੌੜਾ | ਲਾਹੌਰ | ਖਿਡੌਣਾ |



ਦੇਖੋ ਫ਼ੌਜੀ ਚਾਚਾ ਆਇਆ।
ਖੇਡਣ ਲਈ ਖਿਡੌਣੇ ਲਿਆਇਆ।
ਖਾਣ ਲਈ ਪਕੌੜੇ ਲਿਆਇਆ।
ਚਮਕੌਰ ਤੇ ਬਖ਼ਤੌਰ ਦੌੜੇ ਆਏ।
ਗੌਰੀ ਵੀ ਸੁਣ ਕੇ ਦੌੜੀ ਆਈ।
ਸਭ ਨੇ ਰਲ਼-ਮਿਲ਼ ਰੌਣਕ ਲਾਈ।



## ਅਭਿਆਸ

**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਘੋਲ਼ | – | ਘੌਲ਼ | ਸਾਦਾ | – | ਸੌਦਾ |
| ਕਣ | – | ਕੌਣ | ਕੜਾ | – | ਕੌੜਾ |
| ਕੜੀ | – | ਕੌੜੀ | ਸ਼ੱਕ | – | ਸ਼ੌਕ |
| ਭਰਾ | – | ਭੌਰਾ | ਆਕੜ | – | ਔਕੜ |

**2. ਕਨੌੜਾ ਮਾਤਰਾ ਲਾਓ ਅਤੇ ਸ਼ਬਦ ਬਣਾਓ :**

ਕੜੀ ਦੜ ਚਲ਼ ਕਣ ਟਫ਼ੀ

**3. ਕਨੌੜਾ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**



## ਪੜ੍ਹੋ

ਪਸਤੌਲ ਨੌਜਵਾਨ ਹੌਲਦਾਰ
ਚੌਕੀਦਾਰ ਚਮਕੌਰ

# ( ੱ ) ਅਧਕ

| | | | | | |
|---|---|---|---|---|---|
| ਅੱਖ | ਹੱਥ | ਮੱਝ | ਕੱਦ | ਪੱਖਾ | ਰੱਸਾ |
| ਚੱਕੀ | ਵੱਛੀ | ਕੱਚੀ | ਦੁੱਧ | ਪੁੱਤ | ਰੁੱਖ |
| ਲੱਕੜ | ਮੱਛਰ | ਬੱਦਲ਼ | ਛੱਪੜ | ਪੱਥਰ | ਢੱਕਣ |
| ਮਿੱਤਰ | ਤਿੱਤਰ | ਬੱਕਰੀ | ਰੱਖੜੀ | ਫੁੱਫੜ | ਪੁੱਤਰ |



ਸੱਜਣ ਅਤੇ ਗੱਜਣ ਦੋਵੇਂ ਪੱਕੇ ਮਿੱਤਰ ਹਨ।
ਉਹਨਾਂ ਦੇ ਘਰ ਕੋਲ਼ ਇੱਕ ਵੱਡਾ ਛੱਪੜ ਹੈ।
ਬੱਦਲ਼ ਬਰਸਣ ਨਾਲ਼ ਛੱਪੜ ਨੱਕੋ-ਨੱਕ ਭਰ ਜਾਂਦਾ ਹੈ।
ਸੱਜਣ ਅਤੇ ਗੱਜਣ ਦੀਆਂ ਮੱਝਾਂ ਛੱਪੜ ਵਿੱਚ ਤਰ ਰਹੀਆਂ ਹਨ।
ਇਹ ਮੱਝਾਂ ਬਹੁਤ ਦੁੱਧ ਦਿੰਦੀਆਂ ਹਨ।

# ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਜਗ | – | ਜੱਗ | ਦਸ | – | ਦੱਸ |
| ਭਲਾ | – | ਭੱਲਾ | ਬਦਲ | – | ਬੱਦਲ਼ |
| ਸਤ | – | ਸੱਤ | ਸਤਰ | – | ਸੱਤਰ |
| ਪਤਾ | – | ਪੱਤਾ | ਤਕੜੀ | – | ਤੱਕੜੀ |

**2. ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**


(ਕਬੱਡੀ, ਚੱਕੀ, ਮਿੱਤਰ)

(ੳ) ਸੱਜਣ ਅਤੇ ਗੱਜਣ ਦੋਵੇਂ ਪੱਕੇ .................... ਹਨ।

(ਅ) ਮੇਰੇ ਪਾਪਾ ਕਣਕ ਪਿਹਾਉਣ ਲਈ .................... ਉੱਤੇ ਗਏ।

(ੲ) ਬੱਚੇ ਮੈਦਾਨ ਵਿੱਚ .................... ਖੇਡ ਰਹੇ ਹਨ।

**3. ਰੰਗ ਭਰੋ:**



# ( ਂ ) ਟਿੱਪੀ

| | | | | | |
|---|---|---|---|---|---|
| ਅੰਬ | ਰੰਗ | ਖੰਡ | ਅੰਗ | ਹੰਸ | ਝੰਡਾ |
| ਡੰਡਾ | ਗੰਢਾ | ਪੰਛੀ | ਮੰਜੀ | ਮੰਡੀ | ਘੰਟੀ |
| ਸੰਗਤ | ਜੰਗਲ਼ | ਕੰਬਲ਼ | ਅੰਗੂਰ | ਇੰਜਣ | ਪਿੰਜਰਾ |
| ਸੰਤਰੀ | ਪੰਜਾਬੀ | ਸੁੰਦਰ | ਲੂੰਬੜੀ | ਘੁੰਗਰੂ | ਪੰਘੂੜਾ |



ਅੰਜੂ ਤੇ ਮੰਜੂ ਸਵੇਰੇ ਜਲਦੀ ਉੱਠੀਆਂ।
ਉਹਨਾਂ ਮੂੰਹ ਧੋ ਕੇ ਦੰਦ ਸਾਫ਼ ਕੀਤੇ।
ਫਿਰ ਉਹ ਅੰਬਾਂ ਦੇ ਬਾਗ਼ ਵਿੱਚ ਗਈਆਂ।
ਦਰਖ਼ਤਾਂ ਉੱਪਰ ਰੰਗ-ਬਰੰਗੇ ਪੰਛੀ ਬੈਠੇ ਸਨ।
ਪੰਛੀਆਂ ਦੀਆਂ ਚੁੰਝਾਂ ਅਤੇ ਖੰਭ ਬਹੁਤ ਸੁੰਦਰ ਸਨ।
ਬਾਗ਼ ਵਿੱਚ ਉਹਨਾਂ ਨੇ ਅੰਬ ਅਤੇ ਅੰਗੂਰ ਖਾਧੇ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਰਗ | – | ਰੰਗ | ਸਤ | – | ਸੰਤ |
| ਘਟਾ | – | ਘੰਟਾ | ਹੱਸ | – | ਹੰਸ |
| ਨਗ | – | ਨੰਗ | ਅੱਗ | – | ਅੰਗ |
| ਬਦ | – | ਬੰਦ | ਬਗਲਾ | – | ਬੰਗਲਾ |

**2. ਖ਼ਾਲੀ ਥਾਂਵਾਂ ਭਰੋ :**

(ਚੁੰਝਾਂ, ਮੰਜੂ, ਅੰਬਾਂ)

(ੳ) ਅੰਜੂ ਅਤੇ ________ ਸਵੇਰੇ ਜਲਦੀ ਉੱਠੀਆਂ।

(ਅ) ਉਹ ________ ਦੇ ਬਾਗ਼ ਵਿੱਚ ਗਈਆਂ।

(ੲ) ਪੰਛੀਆਂ ਦੀਆਂ ________ ਅਤੇ ਖੰਭ ਬਹੁਤ ਸੁੰਦਰ ਸਨ।

**3. ਟਿੱਪੀ ( ੰ ) ਲਗਾਖਰ ਵਾਲੇ ਸ਼ਬਦ ਲਿਖ ਕੇ ਉਚਾਰਨ ਕਰੋ :**

________ ________ ________ ________

________ ________ ________ ________

**4. ਟਿੱਪੀ ਲਗਾਖਰ ਵਾਲੇ ਸ਼ਬਦਾਂ ਦੀ ਬੋਲ-ਲਿਖਤ :**

________ ________ ________ ________

________ ________ ________ ________

________ ________ ________ ________

# ( ਂ ) ਬਿੰਦੀ

| | | | | | |
|---|---|---|---|---|---|
| ਡਾਂਗ | ਆਂਡਾ | ਤਾਰਾਂ | ਕਾਰਾਂ | ਪੀਂਘ | ਮੀਂਹ |
| ਤੀਆਂ | ਗੇਂਦ | ਪੈਂਡਾ | ਕੈਂਚੀ | ਪੈਂਤੀ | ਸੈਂਤੀ |
| ਬਾਂਦਰ | ਝਾਂਜਰ | ਉਂਗਲ਼ | ਬਰਾਂਡਾ | ਪਰਾਂਦੀ | ਗੁਆਂਢੀ |
| ਛੁੱਟੀਆਂ | ਮੱਖੀਆਂ | ਕੁੜੀਆਂ | ਚੂੜੀਆਂ | ਚਿੜੀਆਂ | ਗਿਆਰਾਂ |



ਸਾਵਣ ਮਹੀਨੇ ਜ਼ੋਰਾਂ ਦਾ ਮੀਂਹ ਪੈਂਦਾ ਹੈ।
ਇਸ ਮਹੀਨੇ ਤੀਆਂ ਲੱਗਦੀਆਂ ਹਨ।
ਕੁੜੀਆਂ ਹੱਥਾਂ ਉੱਤੇ ਮਹਿੰਦੀ ਲਾਉਂਦੀਆਂ ਹਨ।
ਰੰਗ-ਬਰੰਗੀਆਂ ਚੂੜੀਆਂ ਪਾਉਂਦੀਆਂ ਹਨ।
ਪਿੱਪਲ਼ਾਂ ਉੱਤੇ ਪੀਂਘਾਂ ਪਾਉਂਦੀਆਂ ਹਨ।
ਕੁੜੀਆਂ ਪੀਂਘਾਂ ਝੂਟਦੀਆਂ ਹਨ।
ਗਿੱਧਾ ਪਾਉਂਦੀਆਂ ਹਨ।
ਸਭ ਰਲ਼-ਮਿਲ਼ ਖ਼ੁਸ਼ੀ ਮਨਾਉਂਦੀਆਂ ਹਨ।

## ਅਭਿਆਸ

**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਗਾ | – | ਗਾਂ | ਕਿੱਲਾ | – | ਕਿੱਲਾਂ |
| ਬਾਗ਼ | – | ਬਾਂਗ | ਵਾਗ | – | ਵਾਂਗ |
| ਸੌਦਾ | – | ਸੌਂਦਾ | ਜਾਚ | – | ਜਾਂਚ |
| ਸਾਗ | – | ਸਾਂਗ | ਰੁੱਖਾ | – | ਰੁੱਖਾਂ |

**2. ਖ਼ਾਲੀ ਥਾਂਵਾਂ ਭਰੋ :**


**(ਪੀਂਘਾਂ, ਚੂੜੀਆਂ, ਕੁੜੀਆਂ)**


(ੳ) .................... ਹੱਥਾਂ ਉੱਤੇ ਮਹਿੰਦੀ ਲਾਉਂਦੀਆਂ ਹਨ।

(ਅ) ਰੰਗ-ਬਰੰਗੀਆਂ .................... ਪਾਉਂਦੀਆਂ ਹਨ।

(ੲ) ਪਿੱਪਲ਼ਾਂ ਉੱਤੇ .................... ਪਾਉਂਦੀਆਂ ਹਨ।

**3. ਰੰਗ ਭਰੋ**





# ( ੍ਹ ) ਪੈਰੀਂ ਹਾਹਾ

| | | | |
|---|---|---|---|
| ਕੱਲ੍ਹ | ਹੜ੍ਹ | ਥੜ੍ਹਾ | ਤੀਲ੍ਹਾ |
| ਸਰ੍ਹੋਂ | ਚਰ੍ਹੀ | ਠੇਲ੍ਹਾ | ਜ਼ਿਲ੍ਹਾ |
| ਪੜ੍ਹਨਾ | ਆਲ੍ਹਣਾ | ਗੁੰਨ੍ਹਣਾ | ਮੁੜ੍ਹਕਾ |
| ਕਾੜ੍ਹਨੀ | ਚੜ੍ਹਨਾ | ਮੜ੍ਹਨਾ | ਬੰਨ੍ਹਣਾ |



ਸ਼ਾਮ ਦਾ ਵੇਲ਼ਾ ਹੈ।
ਮਾਂ ਚੁੱਲ੍ਹੇ ਕੋਲ਼ ਪੀੜ੍ਹੀ ਉੱਤੇ ਬੈਠੀ ਹੈ।
ਉਸ ਨੇ ਚੁੱਲ੍ਹੇ ਉੱਤੇ ਸਰ੍ਹੋਂ ਦਾ ਸਾਗ ਰਿੰਨ੍ਹਿਆ।
ਮੱਕੀ ਦੀ ਰੋਟੀ ਵੀ ਪਕਾਈ।
ਨੇੜੇ ਹੀ ਕਾੜ੍ਹਨੀ ਵਿੱਚ ਦੁੱਧ ਕੜ੍ਹ ਰਿਹਾ ਹੈ।
ਮੈਂ ਮੂੜ੍ਹੇ ਉੱਤੇ ਬੈਠਾ ਰੋਟੀ ਖਾ ਰਿਹਾ ਹਾਂ।
ਮੈਨੂੰ ਸਰ੍ਹੋਂ ਦਾ ਸਾਗ ਸੁਆਦ ਲੱਗਦਾ ਹੈ।

## ਅਭਿਆਸ



1. **ਪੜ੍ਹੋ ਅਤੇ ਸਮਝੋ :**

| | |
|---|---|
| ਚਰੀ | ਚਰ੍ਹੀ |
| ਗੱਲ | ਗੱਲ੍ਹ |

| | |
|---|---|
| ਵਰ | ਵਰ੍ਹ |
| ਫੜ | ਫੜ੍ਹ |

2. **ਸ਼ਬਦ-ਜੋੜ ਪੂਰੇ ਕਰੋ :**

ਕਿ + ਲ੍ਹਾ = ______

ਪੀ + ੜ੍ਹੀ = ______

ਆ + ਲ੍ਹ + ਣਾ = ______

ਅ + ਨ + ਪ + ੜ੍ਹ = ______

3. **ਪੈਰੀਂ ਹਾਹਾ ( ੍ਹ ) ਲਾ ਕੇ ਲਿਖੋ :**

ਚਰੀ – ______ ਵਰ – ______

ਗੱਲ – ______ ਫੜ – ______

4. **ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

1. ਮਾਂ ______ 'ਤੇ ਰੋਟੀ ਪਕਾਉਂਦੀ ਹੈ। (ਚੁੱਲ੍ਹੇ/ਭਾਂਡੇ)
2. ਅਸੀਂ ______ ਦਾ ਸਾਗ ਖਾਧਾ। (ਗੋਭੀ/ਸਰ੍ਹੋਂ)
3. ਮੈਂ ______ ਉੱਤੇ ਬੈਠੀ ਹਾਂ। (ਪੌੜੀ/ਪੀੜ੍ਹੀ)
4. ਗਰਮੀ ਵਿੱਚ ਬੜਾ ______ ਆਉਂਦਾ ਹੈ। (ਮਜ਼ਾ/ਮੁੜ੍ਹਕਾ)

# ( ੍ਰ ) ਪੈਰੀਂ ਰਾਰਾ

| | | | |
|---|---|---|---|
| ਤ੍ਰੇਲ਼ | ਤ੍ਰੇੜ | ਪ੍ਰੈੱਸ | ਗ੍ਰੰਥ |
| ਪ੍ਰਸ਼ਨ | ਪ੍ਰਧਾਨ | ਪ੍ਰਭਾਤ | ਤ੍ਰੇਹਠ |
| ਪ੍ਰਿਥਵੀ | ਪ੍ਰਾਚੀਨ | ਕ੍ਰਿਕਟ | ਪ੍ਰਸਿੱਧ |
| ਪ੍ਰਾਇਮਰੀ | ਅੰਮ੍ਰਿਤਸਰ | ਟ੍ਰੈੱਕਟਰ | ਟ੍ਰਾਂਜ਼ਿਸਟਰ |



ਵਿਸਾਖੀ ਦਾ ਦਿਨ ਸੀ।

ਹਰਪ੍ਰੀਤ ਅਤੇ ਗੁਰਪ੍ਰੀਤ ਵਿਸਾਖੀ ਦੇਖਣ ਅੰਮ੍ਰਿਤਸਰ ਗਈਆਂ।

ਉਹ ਮਾਤਾ-ਪਿਤਾ ਨਾਲ਼ ਟ੍ਰੈੱਕਟਰ-ਟ੍ਰਾਲੀ ਉੱਤੇ ਬੈਠ ਕੇ ਗਈਆਂ।

ਉਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ।

ਫਿਰ ਉਹ ਦੁਰਗਿਆਣਾ ਮੰਦਰ ਗਏ।

ਉਹਨਾਂ ਨੇ ਜੱਲ੍ਹਿਆਂਵਾਲ਼ਾ ਬਾਗ਼ ਵੀ ਦੇਖਿਆ।

ਪ੍ਰਾਰਥਨਾ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਬੱਚੇ ਸਕੂਲ ਪਹੁੰਚ ਗਏ।

# ਅਭਿਆਸ



**1. ਪੜ੍ਹੋ ਅਤੇ ਸਮਝੋ :**

| | |
|---|---|
| ਤੇਲ | ਤ੍ਰੇਲ੍ਹ |
| ਤਹਿ | ਤ੍ਰਹਿ |

| | |
|---|---|
| ਟੱਕ | ਟ੍ਰੱਕ |
| ਕਰਮ | ਕ੍ਰਮ |

**2. ਸ਼ਬਦ-ਜੋੜ ਪੂਰੇ ਕਰੋ :**

ਗ੍ਰੰ + ਥ = ______

ਟ੍ਰੈਂ + ਕ = ______

ਪ੍ਰੈੱ + ਸ = ______

ਪ੍ਰ + ਸ਼ + ਨ = ______

**3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

1. ਗੁਰਦੁਆਰਾ ਹਰਿਮੰਦਰ ਸਾਹਿਬ ______ ਵਿਖੇ ਹੈ। (ਜਲੰਧਰ/ਅੰਮ੍ਰਿਤਸਰ)
2. ______ ਤੋਂ ਪਹਿਲਾਂ ਅਸੀਂ ਖੇਡਦੇ ਹਾਂ। (ਪ੍ਰਾਰਥਨਾ/ਸਵੇਰ)
3. ਸਵੇਰ ਵੇਲ੍ਹੇ ਘਾਹ ਉੱਤੇ ______ ਪਈ ਹੁੰਦੀ ਹੈ। (ਤੇਲ/ਤ੍ਰੇਲ੍ਹ)
4. ਆਟਾ ______ ਵਿੱਚ ਪਿਆ ਹੈ। (ਪੇਟੀ/ਡ੍ਰੰਮ)